(i) Printed Pages : 4 Roll No. ................................

(ii) Questions : 7 **Sub. Code : 0 4 2 1**

**Exam. Code : 1 0 3**

**B.A./B.Sc. (General) 3rd Year**

**1046**

**PUNJABI (Elective)**

**Paper : A**

**Time Allowed : Three Hours] [Maximum Marks : 90**

**ਨੋਟ :** (i) ਸਾਰੇ ਪ੍ਰਸ਼ਨ ਜ਼ਰੂਰੀ ਹਨ।

(ii) ਹਰ ਪ੍ਰਸ਼ਨ ਦੇ ਸਮੁੱਚੇ ਭਾਗਾਂ ਦੇ ਉੱਤਰ ਇੱਕ ਹੀ ਥਾਂ ਦਿੱਤੇ ਜਾਣ।

(iii) ਸਾਫ਼ ਤੇ ਸਪੱਸ਼ਟ ਲਿਖਾਈ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

1. ਹੇਠ ਦਿੱਤੇ ਕਾਵਿ-ਟੋਟਿਆਂ ਵਿਚੋਂ ਕਿਸੇ **ਦੋ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਅਸਾਂ ਨਹੀ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ।

ਇਹੋਂ ਜਿੰਦ ਜਾਨ ਸਾਡੀ, ਮੋਤੀਆਂ ਦੀ ਖਾਨ ਸਾਡੀ।

ਹੱਥੋਂ ਨਹੀਂ ਗੁਆਉਣੀ, ਬੋਲੀ ਹੈ ਪੰਜਾਬੀ ਸਾਡੀ।

ਤ੍ਰਿੰਞਣਾਂ ਭੰਡਾਰਾਂ ਵਿਚ, ਵੰਞਲੀ ਤੇ ਵਾਰਾਂ ਵਿਚ,

ਮਿੱਠੀ ਤੇ ਸੁਹਾਉਣੀ, ਬੋਲੀ ਹੈ ਪੰਜਾਬੀ ਸਾਡੀ।

(ਅ) ਉਠ ਦਰਦਮੰਦਾ ਦਿਆ ਦਰਦੀਆ, ਉੱਠ ਤੱਕ ਆਪਣਾ ਪੰਜਾਬ।

ਅੱਜ ਬੇਲੇ ਲਾਸ਼ਾਂ ਵਿਛੀਆਂ, ਤੇ ਲਹੂ ਦੀ ਭਰੀ ਚਨਾਬ।

ਕਿਸੇ ਨੇ ਪੰਜਾਂ ਪਾਣੀਆਂ 'ਚ, ਦਿੱਤੀ ਜ਼ਹਿਰ ਰਲਾ।

ਤੇ ਉਹਨਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ।

(ੲ) ਮੈਂ ਉਨ੍ਹਾਂ ਖ਼ਾਤਰ ਲੜਾਂਗਾ

ਜਿਨ੍ਹਾਂ ਦਾ ਨਿਹੱਥਾਪਣ

ਉਭਰਿਆ ਹੋਇਆ ਹੈ ਉਨ੍ਹਾਂ ਦੇ ਮੱਥੇ ਤਿਊੜੀ ਬਣ ਕੇ

ਜਿਨ੍ਹਾਂ ਦਾ ਸਿਰ ਨੰਗਾ ਸਹੀ

ਪਰ ਮੋਢਿਆਂ ਤੇ ਖਲੋਤਾ ਹੈ ਹਾਲੇ ਵੀ।

(ਸ) ਸੌ ਮੁਖੌਟੇ ਪਹਿਨ ਕੇ ਵੀ ਪਾਰਦਰਸ਼ੀ ਰਹਿਣ ਦਾ

ਰਹਿਣ ਦੇ ਤੂੰ ਨਾ ਹੀ ਪੁੱਛ, ਕਿੰਨਾ ਕੁ ਦੁੱਖ ਜਰਨਾ ਪਿਆ।

ਜ਼ਿੰਦਗੀ ਦੀ ਵਾਟ ਏ, ਰੰਗੀਨ ਵੀ ਗ਼ਮਗੀਨ ਵੀ,

ਪੈਰ ਇਕ ਫੁੱਲਾਂ 'ਤੇ, ਦੂਜਾ ਕੱਚ ਤੇ ਧਰਨਾ ਪਿਆ। 10+10=20

2. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਇੱਕ** ਦਾ ਸਾਰ ਲਿਖੋ :

ਰੁੱਖ, ਵਿਸਾਖੀ ਦਾ ਮੇਲਾ, ਮਾਂ (ਪ੍ਰੋ. ਮੋਹਨ ਸਿੰਘ)। 10

3. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਇੱਕ** ਦਾ ਕੇਂਦਰੀ ਭਾਵ ਲਿਖੋ :

ਸੌਂ ਜਾ ਮੇਰੇ ਮਾਲਕਾ ਵੀਰਾਨ ਹੋਈ ਰਾਤ, ਇੱਛਾਬਲ ਤੇ ਡੂੰਘੀਆਂ ਸ਼ਾਮਾਂ, ਤੂੰ ਤਾਂ ਮੈਨੂੰ ਜਾਣਦੈਂ। 10

4. ਕਾਮਾਗਾਟਾਮਾਰੂ ਨਾਟਕ ਦੇ ਚਰਿੱਤਰ ਚਿਤਰਣ ਬਾਰੇ ਲਿਖੋ।

ਜਾਂ

ਕੀ ਕਾਮਾਗਾਟਾਮਾਰੂ ਨਾਟਕ ਸਟੇਜ 'ਤੇ ਖੇਡਿਆ ਜਾ ਸਕਦਾ ਹੈ ? ਖੋਲ੍ਹ ਕੇ ਬਿਆਨ ਕਰੋ। 10

5. ਮੇਰੇ ਪਿੰਡ ਦੇ ਇਸ਼ਟ ਨਿਬੰਧ ਦੀ ਪੜਚੋਲ ਕਰੋ।

ਜਾਂ

'ਗਿੱਧਾ : ਧਰਤੀ ਮਾਤਾ ਦੀ ਪੂਜਾ ਦਾ ਨਾਚ' ਨਿਬੰਧ ਦਾ ਵਿਸ਼ਾ-ਵਸਤੂ ਬਿਆਨ ਕਰੋ। 10

6. 'ਪੰਜ-ਆਬ' ਪੁਸਤਕ ਦੇ ਆਧਾਰ 'ਤੇ ਨਿਮਨਲਿਖਤ ਵਿਚੋਂ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਪੰਜਾਬੀ ਅਖਾਣਾਂ ਵਿਚੋਂ ਪੰਜਾਬੀਆਂ ਦੀ ਧਾਰਮਿਕਤਾ ਤੇ ਵਿਸ਼ਵਾਸਾਂ ਦੀ ਝਲਕ ਕਿਵੇਂ ਮਿਲਦੀ ਹੈ ?

(ਅ) ਲੋਕ-ਗੀਤਾਂ ਵਿੱਚ ਪੁਰਾਤਨ ਜੰਗਾਂ ਦਾ ਕਿਸ ਤਰ੍ਹਾਂ ਨਿਰੂਪਣ ਹੋਇਆ ਹੈ ?

(ੲ) ਪੰਜਾਬ ਦੇ ਪਿੰਡਾਂ ਵਿਚ ਚੇਲਿਆਂ ਤੇ ਸਿਆਣਿਆਂ ਦਾ ਕੀ ਮਹੱਤਵ ਹੈ ?

(ਸ) ਪੰਜਾਬ ਦੇ ਲੋਕਾਂ ਨੇ ਸਿੱਖ ਧਰਮ ਨੂੰ ਕਿਵੇਂ ਅਪਣਾਇਆ ?

(ਹ) ਮੁੱਢਲੀ ਕਿਸਮ ਦੇ ਮੇਲੇ ਕਿਵੇਂ ਹੋਂਦ ਵਿੱਚ ਆਏ ?

(ਕ) ਦਾਈ ਜਾਂ ਮੀਟੀ ਦੇਣ ਵਾਲੇ ਦਾ ਫੈਸਲਾ ਕਿਵੇਂ ਕੀਤਾ ਜਾਂਦਾ ਹੈ ?

(ਖ) ਲੇਖਕ ਨੇ ਆਪਣੇ ਨਿਬੰਧ ਵਿੱਚ ਬਸੰਤ ਰੁੱਤ ਨੂੰ ਕਿਵੇਂ ਪੇਸ਼ ਕੀਤਾ ਹੈ ?

(ਗ) ਬੱਚੇ ਦੇ ਜਨਮ ਨਾਲ ਸੰਬੰਧਿਤ ਵਹਿਮਾਂ-ਭਰਮਾਂ ਦਾ ਉਲੇਖ ਕਰੋ।

5×3=15

7. ਕਾਮਾਗਾਟਾਮਾਰੂ ਨਾਟਕ ਦੇ ਆਧਾਰ 'ਤੇ ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਪੰਜ** ਦੇ ਉੱਤਰ ਲਿਖੋ :

(ੳ) ਈਸਟਵੁੱਡ ਨੇ ਪਾਠ ਕਰ ਰਹੇ ਮੁਸਾਫਰਾਂ ਨਾਲ ਕੀ ਸਲੂਕ ਕੀਤਾ ?

(ਅ) ਕੈਨੇਡੀਅਨ ਸਰਕਾਰ ਕਿਉਂ ਝੁਕੀ ਸੀ ?

(ੲ) ਭਾਰਤੀ ਲੋਕ ਬੇਲਾ ਸਿੰਘ ਨੂੰ 'ਸਰਕਾਰੀ ਕੁੱਤਾ' ਤੇ 'ਕਾਲੀ ਭੇਡ' ਕਿਉਂ ਕਹਿੰਦੇ ਸਨ ?

(ਸ) ਕਾਮਾਗਾਟਾਮਾਰੂ ਜਹਾਜ਼ ਵਿੱਚ ਕੈਨੇਡਾ ਜਾਣ ਵਾਲੇ ਲੋਕ ਕੌਣ ਸਨ ?

(ਹ) ਗਾਂਧੀ ਜੀ ਨੇ ਬਾਬਾ ਗੁਰਦਿੱਤ ਸਿੰਘ ਨੂੰ ਕੀ ਕਿਹਾ ?

(ਕ) ਫਾਂਸੀ ਲੱਗ ਰਹੇ ਮੇਵਾ ਸਿੰਘ ਨੇ ਕੀ ਕਿਹਾ ?

(ਖ) ਆਰੰਭਿਕਾ ਦ੍ਰਿਸ਼ ਵਿੱਚ ਕੌਣ ਕਿਸ ਦਾ ਅਤੇ ਕਿਉਂ ਕਤਲ ਕਰਦਾ ਹੈ ?

(ਗ) ਕਰਮਾ, ਬਾਰੂ ਤੇ ਫੌਜੀ ਏਜੰਟ ਨੂੰ ਕਿਉਂ ਕੁੱਟਦੇ ਹਨ ? $5\times3=15$